# ਟੀ ਬੀ ਸੰਪਰਕ ਸੰਬੰਧੀ ਪੜਤਾਲ

ਟੀ ਬੀ ਕੀਟਾਣੂਆਂ ਦੀ ਫੈਲਣ ਦੀ ਸੰਭਾਵਨਾ ਸਭ ਤੋਂ ਜਿਆਦਾ ਉਨ੍ਹਾਂ ਲੋਕਾਂ ਤੱਕ ਹੈ ਜੋ ਹਰ ਰੋਜ ਕਿਸੇ ਅਜਿਹੇ ਵਿਅਕਤੀ ਦੇ ਨਾਲ ਬਹੁਤ ਸਾਰਾ ਸਮਾਂ ਬਿਤਾਉਂਦੇ ਹਨ ਜਿਸ ਨੂੰ ਛੂਤਕਾਰੀ ਟੀ ਬੀ ਹੈ, ਜਿਵੇਂ ਕਿ :

- ਘਰਾਣੇ ਜਾਂ ਪਰਵਾਰ ਦੇ ਸਦੱਸ
- ਨਜਦੀਕੀ ਦੋਸਤ
- ਸਹਿਕਰਮੀ, ਉਹ ਲੋਕ ਜਿੰਨਾਂ ਨਾਲ ਤੁਸੀਂ ਕੰਮ ਕਰਦੇ ਹੋ
- ਸਕੂਲ ਵਿੱਚ ਸਹਿਪਾਠੀ

ਇੰਨ੍ਹਾਂ ਲੋਕਾਂ ਨੂੰ "ਕੌਨਟੈਕਟਸ" ਕਿਹਾ ਜਾਂਦਾ ਹੈ ਅਤੇ ਸੰਭਵ ਹੈ ਕਿ ਉਹ ਸਾਹ ਰਾਹੀਂ ਟੀ ਬੀ ਦੇ ਕੀਟਾਣੂ ਅੰਦਰ ਲੈ ਲੈਣ ਅਤੇ ਉਨ੍ਹਾਂ ਨੂੰ ਤਪਦਿਕ ਦਾ ਦਬਿਆ ਹੋਇਆ ਵਿਗਾੜ (ਲੇਟੈਂਟ ਟੀ ਬੀ ਇੰਨਫੈਕਸ਼ਨ ) (ਐਲ ਟੀ ਬੀ ਆਈ) ਹੋ ਜਾਏ। ਨਜਦੀਕੀ ਸੰਪਰਕ ਵਾਲੇ ਸਾਰੇ ਲੋਕ ਗ੍ਰਸਤ ਨਹੀਂ ਹੋਣਗੇ।

ਪਬਲਿਕ ਹਲਥ ਨਰਸ (ਪੀ ਐਚ ਐਨ) ਤੁਹਾਨੂੰ ਇਹ ਪਛਾਣ ਵਿੱਚ ਮਦਦ ਕਰੇਗੀ ਕਿ ਕਿਸ ਦਾ ਤੁਹਾਡੇ ਨਾਲ ਨਜਦੀਕੀ ਸੰਪਰਕ ਹੋਇਆ ਹੈ। ਤੁਹਾਡੇ ਲਈ ਪੀ ਐਚ ਐਨ ਨੂੰ ਉਨ੍ਹਾਂ ਲੋਕਾਂ ਦੇ ਨਾਮ ਦੱਸਣੇ ਜਰੂਰੀ ਹਨ ਜਿੰਨ੍ਹਾਂ ਨਾਲ ਤੁਸੀਂ ਸਮਾਂ ਬਿਤਾਉਂਦੇ ਹੋ ਅਤੇ ਥਾਵਾਂ ਜਿਥੇ ਤੁਸੀਂ ਜਾਂਦੇ ਹੋ। ਇੱਕ ਲਿਸਟ ਬਣਾ ਕੇ ਪੀ ਐਚ ਐਨ ਨੂੰ ਦੇਣਾ ਸਹਾਇਕ ਹੋਏਗਾ। ਪੀ ਐਚ ਐਨ ਇਹ ਫੈਸਲਾ ਕਰੇਗੀ ਕਿ ਤੁਹਾਡੀ ਲਿਸਟ ਉੱਤੇ ਕਿਸ ਨੂੰ ਟੈਸਟ ਕੀਤਾ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਟੀ ਬੀ ਦਾ ਸਕਿੰਨ ਟੈਸਟ ਕਰਵਾਉਣ ਲਈ ਸੂਚਤ ਕਰੇਗੀ। ਸੰਭਵ ਹੈ ਕਿ ਪੀ ਐਚ ਐਨ ਉਨ੍ਹਾਂ ਨਾਲ ਗੱਲ ਕਰੇ ਜਾਂ ਉਨ੍ਹਾਂ ਨੂੰ ਚਿੱਠੀ ਭੇਜੇ। ਪੀ ਐਚ ਐਨ"ਕੌਨਟੈਕਟਸ" ਨੂੰ ਤੁਹਾਡਾ ਨਾਮ ਨਹੀਂ ਦਸੇਗੀ।

ਸੰਭਵ ਹੈ ਕਿ ਪੀ ਐਚ ਐਨ ਨੂੰ ਤੁਹਾਡੇ ਸਕੂਲ ਵਿੱਚ ਜਾਂ ਕੰਮ ਉੱਤੇ ਤੁਹਾਡੇ ਸੰਪਰਕਾਂ ਦੇ ਨਾਮ ਲੈਣ ਲਈ ਤੁਹਾਡੇ ਸਕੂਲ ਦੇ ਪ੍ਰਿੰਸੀਪਲ ਜਾਂ ਮਾਲਕ ਦੇ ਨਾਲ ਗੱਲ ਕਰਨੀ ਪਏ। ਅਜਿਹਾ ਕਰਨ ਵਾਸਤੇ, ਸੰਭਵ ਹੈ ਕਿ ਪੀ ਐਚ ਐਨ ਨੂੰ ਤੁਹਾਡੇ ਸਕੂਲ ਦੇ ਪ੍ਰਿੰਸੀਪਲ ਜਾਂ ਮਾਲਕ ਨੂੰ ਤੁਹਾਡਾ ਨਾਮ ਦੱਸਣਾ ਪਏ। ਸਕੂਲ ਦੇ ਪ੍ਰਿੰਸੀਪਲ ਜਾਂ ਮਾਲਕ ਨੂੰ ਕਿਹਾ ਜਾਂਦਾ ਹੈ ਕਿ ਉਹ ਤੁਹਾਡਾ ਨਾਮ ਕਿਸੇ ਹੋਰ ਨੂੰ ਨਹੀਂ ਦੱਸ ਸਕਦਾ ਅਤੇ ਇਹ ਕਿ ਸਾਰੀ ਜਾਣਕਾਰੀ ਗੁਪਤ ਹੈ।

ਸੰਭਵ ਹੈ ਕਿ ਤੁਸੀਂ ਲੋਕਾਂ ਦੇ ਇਹ ਜਾਣਨ ਬਾਰੇ ਚਿੰਤਤ ਜਾਂ ਸ਼ਰਮਿੰਦਾ ਹੋਵੋ ਕਿ ਤੁਹਾਨੂੰ ਟੀ ਬੀ ਹੈ। ਜੇ ਤੁਹਾਡੇ ਪਰਵਾਰ,ਦੋਸਤਾਂ, ਸਹਿਪਾਠੀਆਂ ਜਾਂ ਸਹਿਕਰਮੀਆਂ ਨੂੰ ਪਤਾ ਲੱਗ ਜਾਂਦਾ ਹੈ ਕਿ ਤੁਹਾਨੂੰ ਟੀ ਬੀ ਰੋਗ ਹੈ, ਤੁਸੀਂ ਉਨ੍ਹਾਂ ਨੂੰ ਦੱਸ ਸਕਦੇ ਹੋ :

- ਕਿਸੇ ਨੂੰ ਵੀ ਟੀ ਬੀ ਹੋ ਸਕਦੀ ਹੈ। ਤੁਸੀਂ ਇਸ ਰੋਗ ਨਾਲ ਗ੍ਰਸਤ ਹੋਣ ਵਾਸਤੇ ਕੁਝ ਗਲਤ ਨਹੀਂ ਕੀਤਾ ਹੈ ।
- ਤੁਸੀਂ ਠੀਕ ਹੋਣ ਲਈ ਆਪਣਾ ਟੀ ਬੀ ਦਾ ਇਲਾਜ ਕਰ ਰਹੇ ਹੋ।
- ਤੁਹਾਡਾ ਡਾਕਟਰ ਅਤੇ ਪੀ ਐਚ ਐਨ ਤੁਹਾਨੂੰ ਦੱਸ ਦੇਣਗੇ ਜਦੋਂ ਤੁਸੀਂ ਛੂਤਕਾਰੀ ਨਹੀਂ ਹੋ ਅਤੇ ਆਪਣੀਆਂ ਸਮਾਜਕ ਗਤੀਵਿਧੀਆਂ,ਕੰਮ ਉੱਤੇ ਜਾਂ ਸਕੂਲ ਵਾਪਸ ਜਾ ਸਕਦੇ ਹੋ।
- ਜੇ ਉਨ੍ਹਾਂ ਨੂੰ ਟੀ ਬੀ ਵਾਸਤੇ ਟੈਸਟ ਕੀਤੇ ਜਾਣ ਦੀ ਲੋੜ ਹੈ ਪੀ ਐਚ ਐਨ ਉਨ੍ਹਾਂ ਨੂੰ ਸੂਚਤ ਕਰੇਗੀ।
- ਜੇ ਉਨ੍ਹਾਂ ਦੇ ਕੋਈ ਸਵਾਲ ਜਾਂ ਚਿੰਤਾਵਾਂ ਹਨ ਤਾਂ ਉਹ 905-799-7700 ਉੱਤੇ ਪੀਲ ਪਬਲਿਕ ਹੈਲਥ ਟੀ ਬੀ ਪ੍ਰੋਗਰਾਮ ਨੂੰ ਫੋਨ ਕਰ ਸਕਦੇ ਹਨ।

***ਛੂਤਕਾਰੀ ਟੀ ਬੀ ਦੇ ਸੰਪਰਕਾਂ* (ਕੌਨਟੈਕਟਸ) ਨੂੰ ਕੀ ਕਰਨਾ ਚਾਹੀਦਾ ਹੈ ?**

ਛੂਤਕਾਰੀ ਟੀ ਬੀ ਦੇ ਨਜਦੀਕੀ ਸੰਪਰਕਾਂ ਨੂੰ ਟੀ ਬੀ ਦੀ ਸਕਿੰਨ ਟੈਸਟ ਅਤੇ ਇੱਕ ਡਾਕਟਰ ਜਾਂ ਨਰਸ ਦੁਆਰਾ ਮੈਡੀਕਲ ਨਿਰੀਖਣ ਕਰਵਾਉਣਾ ਚਾਹੀਦਾ ਹੈ। ਪੀ ਐਚ ਐਨ ਟੀ ਬੀ ਦੀ ਸਕਿੰਨ ਟੈਸਟ ਕਰਵਾਉਣ ਜਾਂ ਡਾਕਟਰ ਕੋਲ ਲਿਜਾਉਣ ਲਈ ਚਿੱਠੀਆਂ ਅਤੇ ਮੈਡੀਕਲ ਫਾਰਮਾਂ ਦਾ ਇੰਤਜਾਮ ਕਰੇਗੀ।

ਸਭ ਤੋਂ ਨਜਦੀਕੀ ਸੰਪਰਕਾਂ (ਮਿਸਾਲ ਦੇ ਤੌਰ ਉੱਤੇ ਪਰਵਾਰ, ਘਰ ਦੇ ਸਦੱਸਾਂ) ਨੂੰ ਤੁਰੰਤ ਹੀ ਮੈਡੀਕਲ ਚੈੱਕਅਪ ਅਤੇ ਟੀ ਬੀ ਦਾ ਸਕਿੰਨ ਟੈਸਟ ਕਰਵਾਉਣਾ ਚਾਹੀਦਾ ਹੈ :

# ਟੀ ਬੀ ਸੰਪਰਕ ਸੰਬੰਧੀ ਪੜਤਾਲ

..ਜਾਰੀ

- ਜੇ ਤੁਹਾਡਾ ਸਕਿੰਨ ਟੈਸਟ ਨੈਗੇਟਿਵ ਹੈ, ਉਸ ਨੂੰ ਅੱਠ ਤੋਂ 12 ਹਫਤੇ ਬਾਦ ਦੁਬਾਰਾ ਕਰਨਾ ਚਾਹੀਦਾ ਹੈ। ਟੀ ਬੀ ਰੋਗ ਨਾਲ ਸਾਮ੍ਹਣਾ ਹੋਣ ਤੋਂ ਬਾਦ ਸਰੀਰ ਨੂੰ ਇਸ ਦੇ ਚਿੰਨ੍ਹ ਦਿਖਾਉਣ ਵਿੱਚ ਤਿੰਨ ਮਹੀਨੇ ਲੱਗ ਸਕਦੇ ਹਨ।
- ਚਾਰ ਸਾਲ ਅਤੇ ਉਸ ਤੋਂ ਘੱਟ ਉਮਰ ਦੇ ਬੱਚਿਆਂ ਦਾ ਵੀ ਛਾਤੀ ਦਾ ਐਕਸ-ਰੇ ਕੀਤਾ ਜਾਣਾ ਚਾਹੀਦਾ ਹੈ, ਭਾਵੇਂ ਉਨ੍ਹਾਂ ਦਾ ਟੀ ਬੀ ਦਾ ਸਕਿੰਨ ਟੈਸਟ ਨੈਗੇਟਿਵ ਹੈ। ਸੰਭਵ ਹੈ ਉਨ੍ਹਾਂ ਨੂੰ ਸੁਰੱਖਿਆ ਲਈ ਦਵਾਈ ਵਾਸਤੇ ਆਦੇਸ਼ ਦਿੱਤਾ ਜਾਏ। ਬੱਚਿਆਂ ਵਿੱਚ ਟੀ ਬੀ ਦੀ ਰੋਕਥਾਮ ਬਾਰੇ ਪੜ੍ਹਨ ਵਾਸਤੇ ਪੰਨਾ 13 ਦੇਖੋ।
- ਜੇ ਸਕਿੰਨ ਟੈਸਟ ਪੌਜ਼ੀਟਿਵ ਹੈ, ਉਸ ਵਿਅਕਤੀ ਨੂੰ ਤਪਦਿਕ ਦਾ ਦਬਿਆ ਹੋਇਆ ਵਿਗਾੜ (ਲੇਟੈਂਟ ਟੀ ਬੀ ਇੰਨਫੈਕਸ਼ਨ )(ਐਲ ਟੀ ਬੀ ਆਈ) ਹੈ ਅਤੇ ਉਸ ਨੂੰ ਇਹ ਸੁਨਿਸ਼ਚਿਤ ਕਰਨ ਵਾਸਤੇ ਛਾਤੀ ਦਾ ਐਕਸ-ਰੇ ਅਤੇ ਮੈਡੀਕਲ ਚੈਕਅੱਪ ਕਰਵਾਉਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਸਕ੍ਰਿਏ ਟੀ ਬੀ ਨਹੀਂ ਹੈ। ਦੂਸਰੇ ਟੈਸਟ ਵੀ ਜਰੂਰੀ ਹੋ ਸਕਦੇ ਹਨ।
- ਐਲ ਟੀ ਬੀ ਆਈ ਵਾਲੇ ਸੰਪਰਕਾਂ ਨੂੰ ਆਪਣੇ ਡਾਕਟਰ ਦੇ ਨਾਲ ਰੋਕਥਾਮ ਲਈ ਦਵਾਈ ਬਾਰੇ ਚਰਚਾ ਕਰਨੀ ਚਾਹੀਦੀ ਹੈ। ਐਲ ਟੀ ਬੀ ਆਈ ਨੂੰ ਟੀ ਬੀ ਰੋਗ ਬਣਨ ਤੋਂ ਰੋਕਣ ਲਈ ਦਵਾਈ ਉਪਲਬਧ ਹੈ। ਇਹ ਦਵਾਈ ਡਾਕਟਰਾਂ ਨੂੰ ਆਪਣੇ ਮਰੀਜਾਂ ਨੂੰ ਦੇਣ ਵਾਸਤੇ ਮੁਫਤ ਦਿੱਤੀ ਜਾਂਦੀ ਹੈ।
- ਅਤੀਤ ਵਿੱਚ ਪੌਜ਼ੀਟਿਵ ਟੀ ਬੀ ਸਕਿੰਨ ਟੈਸਟ ਵਾਲੇ ਰਿਕਾਰਡ ਵਾਲੇ ਸੰਪਰਕਾਂ ਲਈ ਦੂਸਰਾ ਟੈਸਟ ਕਰਵਾਉਣ ਦੀ ਕੋਈ ਲੋੜ ਨਹੀਂ ਹੈ। ਉਨ੍ਹਾਂ ਨੂੰ ਮੁਲਾਂਕਣ ਲਈ ਡਾਕਟਰ ਨੂੰ ਮਿਲਣਾ ਚਾਹੀਦਾ ਹੈ ਅਤੇ ਜੇ ਉਨ੍ਹਾਂ ਵਿੱਚ ਟੀ ਬੀ ਦੇ ਲੱਛਣ ਦਿਖਾਈ ਦੇਣ ਉਨ੍ਹਾਂ ਨੂੰ ਛਾਤੀ ਦਾ ਐਕਸ-ਰੇ ਕਰਵਾਉਣਾ ਚਾਹੀਦਾ ਹੈ।

ਉਹ ਸੰਪਰਕ ਜੋ ਤੁਹਾਡੇ ਨਾਲ ਘੱਟ ਟਾਇਮ ਬਿਤਾਉਂਦੇ ਹਨ ਅਤੇ ਤੁਹਾਡੇ ਘਰ ਵਿੱਚ ਨਹੀਂ ਰਹਿੰਦੇ (ਮਿਸਾਲ ਦੇ ਤੌਰ ਉੱਤੇ ਉਹ ਲੋਕ ਜਿੰਨ੍ਹਾਂ ਨਾਲ ਤੁਸੀਂ ਕੰਮ ਕਰਦੇ ਜਾਂ ਸਕੂਲ ਜਾਂਦੇ) ਹੋ ਨੂੰ ਸੰਭਵ ਹੈ ਅੱਠ ਤੋਂ 12 ਹਫਤੇ ਬਾਦ ਟੀ ਬੀ ਦਾ ਸਿਰਫ ਇੱਕੋ ਸਕਿੰਨ ਟੈਸਟ ਕਰਵਾਉਣਾ ਪਏ। ਪੀ ਐਚ ਐਨ ਉਨ੍ਹਾਂ ਨੂੰ ਸੂਚਤ ਕਰੇਗੀ ਅਤੇ ਸਿਫਾਰਸ਼ ਕਰੇਗੀ ਕਿ ਉਨ੍ਹਾਂ ਦਾ ਟੈਸਟ ਕਦੋਂ ਕੀਤਾ ਜਾਣਾ ਚਾਹੀਦਾ ਹੈ।

**ਜੇ ਟੀ ਬੀ *ਛੂਤਕਾਰੀ ਨਹੀਂ ਹੈ* ਤਾਂ ਘਰੇਲੂ ਸੰਪਰਕਾਂ ਨੂੰ ਕੀ ਕਰਨਾ ਚਾਹੀਦਾ ਹੈ ?**

ਉਹ ਲੋਕ ਜਿੰਨ੍ਹਾਂ ਦੀ ਟੀ ਬੀ ਫੇਫੜਿਆਂ ਜਾਂ ਗਲੇ ਦੇ ਬਾਹਰ ਹੈ ਦੂਸਰੇ ਲੋਕਾਂ ਤੱਕ ਟੀ ਬੀ ਦੇ ਕਿਟਾਣੂਆਂ ਨੂੰ ਫੈਲਾ ਨਹੀਂ ਸਕਦੇ। ਪਰ ਉਸੀ ਘਰ ਵਿੱਚ ਰਹਿਣ ਵਾਲੇ ਲੋਕਾਂ ਨੂੰ ਇਹ ਦੇਖਣ ਵਾਸਤੇ ਟੀ ਬੀ ਲਈ ਸਕ੍ਰੀਨ ਕੀਤਾ ਜਾਣਾ ਚਾਹੀਦਾ ਹੈ ਕਿ ਕੀ ਉਨ੍ਹਾਂ ਨੂੰ ਪਿਛਲੇ ਵਿਗਾੜ ਕਰਕੇ ਐਲ ਟੀ ਬੀ ਆਈ ਹੈ ਅਤੇ ਇਹ ਸੁਨਿਸ਼ਚਤ ਕਰਨ ਲਈ ਕਿ ਉਨ੍ਹਾਂ ਨੂੰ ਸਕ੍ਰਿਏ ਟੀ ਬੀ ਰੋਗ ਨਹੀਂ ਹੈ।

- ਉਨ੍ਹਾਂ ਨੂੰ ਜਲਦ ਸੁਵਿਧਾ ਅਨੁਸਾਰ ਮੈਡੀਕਲ ਚੈੱਕਅਪ ਅਤੇ ਟੀ ਬੀ ਦਾ ਸਕਿੰਨ ਟੈਸਟ ਕਰਵਾਉਣਾ ਚਾਹੀਦਾ ਹੈ।
- ਪੀ ਐਚ ਐਨ ਉਨ੍ਹਾਂ ਲਈ ਡਾਕਟਰ ਕੋਲ ਲਿਜਾਉਣ ਵਾਸਤੇ ਚਿੱਠੀਆਂ ਅਤੇ ਫਾਰਮਾਂ ਦਾ ਪ੍ਰਬੰਧ ਕਰ ਸਕਦੀ ਹੈ ਤਾਂ ਕਿ ਉਨ੍ਹਾਂ ਨੂੰ ਟੀ ਬੀ ਦੇ ਸਕਿੰਨ ਟੈਸਟ ਵਾਸਤੇ ਪੈਸੇ ਨਾ ਦੇਣੇ ਪੈਣ।
- ਜੇ ਸਕਿੰਨ ਟੈਸਟ ਅਤੇ ਮੈਡੀਕਲ ਚੈੱਕਅਪ ਦੋਵੇਂ ਨੈਗੇਟਿਵ ਹਨ,ਕੋਈ ਵੀ ਹੋਰ ਟੈਸਟ ਦੀ ਲੋੜ ਨਹੀਂ ਹੈ।
- ਜੇ ਸਕਿੰਨ ਟੈਸਟ ਪੌਜ਼ੀਟਿਵ ਹੈ, ਉਸ ਵਿਅਕਤੀ ਨੂੰ ਤਪਦਿਕ ਦਾ ਦਬਿਆ ਹੋਇਆ ਵਿਗਾੜ (ਲੇਟੈਂਟ ਟੀ ਬੀ ਇੰਨਫੈਕਸ਼ਨ )(ਐਲ ਟੀ ਬੀ ਆਈ) ਹੈ ਅਤੇ ਉਸ ਨੂੰ ਇਹ ਸੁਨਿਸ਼ਚਿਤ ਕਰਨ ਵਾਸਤੇ ਛਾਤੀ ਦਾ ਐਕਸ-ਰੇ ਅਤੇ ਮੈਡੀਕਲ ਚੈਕਅੱਪ ਕਰਵਾਉਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਸਕ੍ਰਿਏ ਟੀ ਬੀ ਨਹੀਂ ਹੈ। ਦੂਸਰੇ ਟੈਸਟ ਵੀ ਜਰੂਰੀ ਹੋ ਸਕਦੇ ਹਨ।
- ਐਲ ਟੀ ਬੀ ਆਈ ਵਾਲੇ ਸੰਪਰਕਾਂ ਨੂੰ ਆਪਣੇ ਡਾਕਟਰ ਦੇ ਨਾਲ ਰੋਕਥਾਮ ਲਈ ਦਵਾਈ ਬਾਰੇ ਚਰਚਾ ਕਰਨੀ ਚਾਹੀਦੀ ਹੈ। ਐਲ ਟੀ ਬੀ ਆਈ ਨੂੰ ਟੀ ਬੀ ਰੋਗ ਬਣਨ ਤੋਂ ਰੋਕਣ ਲਈ ਦਵਾਈ ਉਪਲਬਧ ਹੈ। ਇਹ ਦਵਾਈ ਡਾਕਟਰਾਂ ਲਈ ਆਪਣੇ ਮਰੀਜਾਂ ਨੂੰ ਦੇਣ ਵਾਸਤੇ ਮੁਫਤ ਦਿੱਤੀ ਜਾਂਦੀ ਹੈ।